letters 2018

ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਦਫਤਰ: ਵਣ ਮੰਡਲ ਅਫਸਰ, ਰੂਪਨਗਰ।
E-Mail id: dforupar@gmail.com
ਫੋਨ ਨੰਬਰ: 01881-222231

ਸੇਵਾ ਵਿਖੇ,

Divisional Engineer (NOFN),
Bharat Sanchar Nigam Limited,
Distt. Rupnagar

ਨੰਬਰ : ...1112............. / ਮਿਤੀ: ...3/5/2019../

ਵਿਸਾ :- Proposal for grant of permission of lay OFC under NOFN Project of M/S Bharat Sanchar Nigam Limited in Roopnagar block on Kakot to Majri Ghat Route & Anandpur Sahib Block on Nakkian to daulowal, Meendwan to Upper Baddal, Massewal to Maura, Lower Baddal to Jhingri, Jindwari bus stand to Donal, Majher, Samlah to Lakher School and Baruwal to Massewal telephone exchange. Total affectd forest land is 0.507 Ha.

ਹਵਾਲਾ :- ਇਸ ਦਫਤਰ ਦਾ ਪੱਤਰ ਨੰਬਰ: 11582 ਮਿਤੀ: 11.2.2019

*****

ਉਪਰੋਕਤ ਵਿਸੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਇਸ ਦਫਤਰ ਵਲੋਂ ਲਿਖਿਆ ਗਿਆ ਸੀ ਕਿ ਆਪ ਦੇ ਕੇਸ ਵਿੱਚ ਹੇਠ ਲਿਖੇ ਅਨੁਸਾਰ ਤਰੁੱਟੀਆਂ/ਕਮੀਆਂ ਹਨ, ਜਿਹਨਾਂ ਨੂੰ ਪੂਰਾ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ, ਪ੍ਰੰਤੂ ਆਪ ਦੇ ਦਫਤਰ ਵਲੋਂ ਹੇਠ ਲਿਖੇ ਦਸਤਾਵੇਜ/ਫੀਸਾਂ ਇਸ ਦਫਤਰ ਨੂੰ ਅੱਜੇ ਤੱਕ ਨਹੀਂ ਭੇਜੀਆਂ ਗਈਆਂ ਹਨ, ਜਿਸ ਕਰਕੇ ਆਪ ਦਾ ਕੇਸ ਉੱਚ ਅਧਿਕਾਰੀਆਂ ਨੂੰ ਭੇਜਣ ਵਿੱਚ ਦੇਰੀ ਹੋ ਰਹੀ ਹੈ। ਇਸ ਲਈ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਹੇਠ ਲਿਖੇ ਅਨੁਸਾਰ ਲੋੜੀਂਦੇ ਦਸਤਾਵੇਜ/ਫੀਸਾਂ ਦੇ ਬੈਂਕ ਡਰਾਫਟ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਆਪ ਦਾ ਕੇਸ ਉੱਚ ਅਧਿਕਾਰੀਆਂ ਨੂੰ ਭੇਜਿਆ ਜਾ ਸਕੇ :-

1) ਆਪ ਵਲੋਂ ਪੀ.ਡਬਲਯੂ.ਡੀ.ਬੀ.ਐਂਡ. ਆਰ. ਵਿਭਾਗ ਦਾ ਉਕੱਤ ਸਾਈਟਾਂ ਤੇ ਕੇਬਲ ਪਾਉਣ ਦਾ ਐਨ.ਓ.ਸੀ. ਇਸ ਦਫਤਰ ਨੂੰ ਨਹੀਂ ਦਿੱਤਾ ਗਿਆ ਹੈ, ਜੋ ਕਿ ਪ੍ਰਾਪਤ ਕਰਕੇ ਵੈਬ ਸਾਈਟ ਤੇ ਅੱਪਲੋਡ ਕੀਤਾ ਜਾਵੇ ਅਤੇ 3 ਪੜ੍ਹਤਾਂ ਵਿੱਚ ਆਪਣੇ ਹਸਤਾਖਰ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ।
2) ਇਸ ਦਫਤਰ ਦੇ ਪਿੱਠ ਅੰਕਣ ਨੰਬਰ: 11494 ਮਿਤੀ: 11.2.2019 ਅਨੁਸਾਰ ਡਿਪਟੀ ਕਮਿਸਨਰ, ਰੂਪਨਗਰ ਜੀ ਦੇ ਦਫਤਰ ਤੋਂ ਸਡਿਊਲਡ ਟ੍ਰਾਈਬ ਦਾ ਐਨ.ਓ.ਸੀ. ਪ੍ਰਾਪਤ ਕਰਕੇ ਵੈਬ ਸਾਈਟ ਤੇ ਅੱਪਲੋਡ ਕੀਤਾ ਜਾਵੇ।
3) ਜੁਆਇੰਟ ਸਾਈਟ ਇੰਸਪੈਕਸਨ ਦੇ ਫੋਟੋਗ੍ਰਾਫਜ 3 ਪੜ੍ਹਤਾਂ ਵਿੱਚ ਭੇਜੇ ਜਾਣ।
4) ਉਕੱਤ ਕੇਸ ਵਿੱਚ ਲੋੜੀਂਦੀ ਐਪਲੀਕੇਸਨ ਪ੍ਰੋਸੈਸਿੰਗ ਫੀਸ ਅਤੇ ਬੈਂਕ ਗਰੰਟੀ ਹੇਠ ਲਿਖੇ ਅਨੁਸਾਰ ਇਸ ਦਫਤਰ ਨੂੰ ਭੇਜੀ ਜਾਵੇ।

| ਲੜੀ ਨੰ: | ਫੀਸ ਦਾ ਵੇਰਵਾ | ਰਕਮ | ਇੰਨ ਫੇਵਰ ਆਫ |
|---|---|---|---|
| 1 | ਐਪਲੀਕੇਸਨ ਪ੍ਰੋਸੈਸਿੰਗ ਫੀਸ | 2000/- | ਬੈਂਕ ਡਰਾਫਟ ਇੰਨ ਫੇਵਰ ਆਫ ਵਣ ਮੰਡਲ ਅਫਸਰ, ਰੂਪਨਗਰ |
| 2 | ਬੈਂਕ ਗਰੰਟੀ (5067 Mtr x 25/-) | 126675/- | ਡਵੀਜਨਲ ਫਾਰੈਸਟ ਅਫਸਰ, ਰੂਪਨਗਰ |

ਜੇਕਰ ਆਪ ਵਲੋਂ ਉਕੱਤ ਅਨੁਸਾਰ ਪਾਲਣਾ ਰਿਪੋਟ ਇਸ ਦਫਤਰ ਨੂੰ ਭੇਜਣ ਵਿੱਚ ਦੇਰੀ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਆਪ ਦੇ ਵਿਭਾਗ ਦੀ ਜਿੰਮੇਵਾਰੀ ਹੋਵੇਗੀ।

ਵਣ ਮੰਡਲ ਅਫਸਰ,
ਰੂਪਨਗਰ

ਪਿੱਠ ਅੰਕਣ ਨੰਬਰ: ਮਿਤੀ:

ਇਸ ਦੀ ਇੱਕ ਨਕਲ ਵਣ ਰੇਜ ਅਫਸਰ, ਰੂਪਨਗਰ ਅਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰਬਰ: 11583 ਮਿਤੀ: 11.2.2019 ਦੇ ਹਵਾਲੇ ਵਿੱਚ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਰੂਪਨਗਰ।

Scanned by CamScanner